# ਆਪਣੇ ਬੱਚੇ ਦੇ ਸਕੂਲ ਵਿਖੇ ਨਸਲਵਾਦ ਅਤੇ ਭੇਦਭਾਵ ਦੀ ਰਿਪੋਰਟ ਕਿਵੇਂ ਕਰਨੀ ਹੈ



Punjabi

**ਤੁਹਾਡਾ ਬੱਚਾ ਸਕੂਲੀ ਭਾਈਚਾਰਿਆਂ ਵਿੱਚ ਸਨਮਾਨ, ਕਦਰ ਕੀਤੇ ਜਾਣ ਅਤੇ ਬਰਾਬਰੀ ਵਾਲੇ ਵਿਵਹਾਰ ਦਾ ਹੱਕਦਾਰ ਹੈ।**

**ਧਰਮ ਜਾਂ ਨਸਲ ਦੇ ਆਧਾਰ 'ਤੇ ਭੇਦਭਾਵ ਜਾਂ ਦੁਰਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ।**

ਜੇ ਤੁਸੀਂ ਕਿਸੇ ਅਜਿਹੇ ਬੱਚੇ ਦੇ ਮਾਪੇ ਜਾਂ ਸੰਭਾਲ ਕਰਨ ਵਾਲੇ ਹੋ, ਜਿਸ ਨੂੰ ਆਪਣੇ ਸਕੂਲ ਵਿੱਚ ਧਾਰਮਿਕ ਜਾਂ ਨਸਲੀ ਭੇਦਭਾਵ ਜਾਂ ਦੁਰਵਿਵਹਾਰ ਦਾ ਤਜ਼ਰਬਾ ਹੋਇਆ ਹੈ, ਜਾਂ ਉਸ ਨੇ ਵੇਖਿਆ ਹੈ, ਤਾਂ ਅਸੀਂ ਤੁਹਾਨੂੰ ਇਸ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਸਕੂਲ ਦੇ ਕਰਮਚਾਰੀ ਇਹ ਯਕੀਨੀ ਬਣਾ ਸਕਦੇ ਹਨ ਕਿ ਢੁੱਕਵੀਂ ਕਾਰਵਾਈ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਤੁਸੀਂ ਇਸ ਘਟਨਾ ਬਾਰੇ ਸਕੂਲ ਜਾਂ ਖੇਤਰੀ ਦਫਤਰ ਨੂੰ ਰਸਮੀ ਸ਼ਿਕਾਇਤ ਕਰਨਾ ਪਸੰਦ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ, ਵੇਖੋ:
ਆਪਣੇ ਸਕੂਲ ਬਾਰੇ ਕੋਈ ਸ਼ਿਕਾਇਤ ਕਰਨੀ ਜਾਂ ਚਿੰਤਾ ਜ਼ਾਹਿਰ ਕਰਨੀ (education.vic.gov.au)

## ਨਸਲਵਾਦ ਦੀ ਰਿਪੋਰਟ ਕਰਨ ਵਾਲੀ ਹੌਟਲਾਈਨ (REPORT RACISM HOTLINE) ਉੱਤੇ ਘਟਨਾ ਦੀ ਰਿਪੋਰਟ ਕਰੋ

**Report Racism Hotline**

1800 722 476

report.racism@education.vic.gov.au

ਜਨਤਕ ਛੁੱਟੀਆਂ ਨੂੰ ਛੱਡ ਕੇ ਹੌਟਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੈ।

ਜੇ ਤੁਸੀਂ ਕਿਸੇ ਘਟਨਾ ਦੀ ਰਿਪੋਰਟ ਆਪਣੇ ਬੱਚੇ ਦੇ ਸਕੂਲ ਨੂੰ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ ਹੋ, ਜਾਂ ਜੇ ਤੁਸੀਂ ਸਕੂਲ ਦੇ ਜਵਾਬ ਤੋਂ ਖੁਸ਼ ਨਹੀਂ ਹੋ, ਤਾਂ ਤੁਸੀਂ ਵਿਭਾਗ ਦੀ Report Racism Hotline ਨਾਲ ਸੰਪਰਕ ਕਰ ਸਕਦੇ ਹੋ।

ਜਦੋਂ ਤੁਸੀਂ ਹੌਟਲਾਈਨ ਨੂੰ ਫ਼ੋਨ ਕਰਦੇ ਹੋ, ਤਾਂ ਤੁਸੀਂ ਇਹ ਕਰਨ ਦੇ ਯੋਗ ਹੋਵੋਗੇ:

- ਸ਼ਿਕਾਇਤ ਕਰਨ ਬਾਰੇ ਵਿਚਾਰ-ਵਟਾਂਦਰਾ ਕਰਨ ਲਈ
- ਉਪਲਬਧ ਵਿਕਲਪਾਂ ਅਤੇ ਅੱਗੇ ਤੁਸੀਂ ਕੀ ਕਰ ਸਕਦੇ ਹੋ ਬਾਰੇ ਵਿਚਾਰ ਕਰਨ ਲਈ
- ਖੇਤਰੀ ਅਧਿਕਾਰੀਆਂ ਅਤੇ ਸਹਾਇਤਾ ਸੇਵਾਵਾਂ ਨਾਲ ਸੰਪਰਕ ਕਰਨ ਲਈ ਮਦਦ ਪ੍ਰਾਪਤ ਕਰਨ ਲਈ।

## PARENTLINE ਰਾਹੀਂ ਟੈਲੀਫੋਨ ਸਲਾਹ-ਮਸ਼ਵਰਾ ਅਤੇ ਸਹਾਇਤਾ ਪ੍ਰਾਪਤ ਕਰੋ

**Parentline**

13 22 89

www.parentline.vic.gov.au

Parentline ਸਵੇਰੇ 8 ਵਜੇ ਤੋਂ ਅੱਧੀ ਰਾਤ ਤੱਕ, ਹਫਤੇ ਵਿੱਚ ਸੱਤ ਦਿਨ ਉਪਲਬਧ ਹੈ, ਜਿਸ ਵਿੱਚ ਜਨਤਕ ਛੁੱਟੀਆਂ ਵੀ ਸ਼ਾਮਲ ਹਨ।

ਤੁਸੀਂ ਕਿਸੇ ਯੋਗ ਸਲਾਹਕਾਰ ਤੋਂ ਸਲਾਹ-ਮਸ਼ਵਰਾ ਅਤੇ ਸਹਾਇਤਾ ਲੈਣ ਲਈ Parentline ਨਾਲ ਵੀ ਸੰਪਰਕ ਕਰਨਾ ਪਸੰਦ ਕਰ ਸਕਦੇ ਹੋ ਜੋ ਕਿ ਵਿਭਾਗ ਤੋਂ ਸੁਤੰਤਰ ਹੈ।

Parentline ਜਨਮ ਤੋਂ ਲੈ ਕੇ 18 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਗੁਪਤ ਅਤੇ ਗੁੰਮਨਾਮ ਸਲਾਹ-ਮਸ਼ਵਰੇ ਵਾਲੀ ਟੈਲੀਫੋਨ ਸੇਵਾ ਹੈ।

ਸਲਾਹਕਾਰ ਬਹੁਤ ਸਾਰੇ ਪਾਲਣ-ਪੋਸ਼ਣ ਦੇ ਮੁੱਦਿਆਂ ਬਾਰੇ ਗੱਲ ਕਰਨ ਲਈ ਉਪਲਬਧ ਹਨ, ਜਿਸ ਵਿੱਚ ਸਕੂਲ ਵਿੱਚ ਹੋਇਆ ਭੇਦਭਾਵ ਜਾਂ ਦੁਰਵਿਵਹਾਰ ਵੀ ਸ਼ਾਮਲ ਹੈ।

## ਲਾਭਦਾਇਕ ਜਾਣਕਾਰੀ

ਸਕੂਲਾਂ ਵਿੱਚ ਧਾਰਮਿਕ ਜਾਂ ਨਸਲੀ ਭੇਦਭਾਵ ਅਤੇ ਦੁਰਵਿਵਹਾਰ ਦੀ ਰਿਪੋਰਟ ਕਰਨ ਬਾਰੇ ਹੋਰ ਜਾਣਕਾਰੀ ਵਾਸਤੇ ਵੇਖੋ:
ਸਕੂਲਾਂ ਵਿੱਚ ਨਸਲਵਾਦ ਜਾਂ ਧਾਰਮਿਕ ਭੇਦਭਾਵ ਦੀ ਰਿਪੋਰਟ ਕਰਨੀ (education.vic.gov.au)

ਧੌਂਸ (ਗੁੰਡਾਗਰਦੀ) ਦਾ ਜਵਾਬ ਦੇਣ ਬਾਰੇ ਵਧੇਰੇ ਜਾਣਕਾਰੀ ਅਤੇ ਸਰੋਤਾਂ ਵਾਸਤੇ, ਜਿਸ ਵਿੱਚ ਨਸਲਵਾਦੀ ਗੁੰਡਾਗਰਦੀ ਵੀ ਸ਼ਾਮਲ ਹੈ, ਵੇਖੋ:
ਗੁੰਡਾਗਰਦੀ ਰੋਕਣ ਵਾਲੇ (education.vic.gov.au)

**ਰਾਸ਼ਟਰੀ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS)**

ਉਹ ਮਾਪੇ ਜਾਂ ਸੰਭਾਲ ਕਰਨ ਵਾਲੇ ਜਿੰਨ੍ਹਾਂ ਨੂੰ ਦੁਭਾਸ਼ੀਆ ਸੇਵਾਵਾਂ ਦੀ ਲੋੜ ਹੁੰਦੀ ਹੈ, ਉਹ 13 14 50 ਉੱਤੇ ਰਾਸ਼ਟਰੀ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਨੂੰ ਫ਼ੋਨ ਕਰਕੇ ਵਿਭਾਗ ਜਾਂ Parentline ਨਾਲ ਸੰਪਰਕ ਕਰ ਸਕਦੇ ਹਨ।

THE EDUCATION STATE
VICTORIA State Government | Education and Training